# ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਸੈ.ਸਿ.) ਬਠਿੰਡਾ

## -ਕਮ-ਦਫ਼ਤਰ ਸਮਗਰਾ ਸਿੱਖਿਆ ਅਭਿਆਨ ਅਥਾਰਟੀ ਬਠਿੰਡਾ।

**email ID:-misbathinda@punjabeducation.gov.in**

**ਵੱਲ:** **ਯਾਦ ਪੱਤਰ**

ਸਮੂਹ ਸਕੂਲ ਪ੍ਰਿੰਸੀਪਲ, ਮੁੱਖ ਅਧਿਆਪਕ, ਇੰਚਾਰਜ,
ਸਸਸਸ, ਸਹਸ, ਸਮਿਸ,
ਬਠਿੰਡਾ।
ਪੱਤਰ ਨੰ:-ਐਮ.ਆਈ.ਐਸ./ਈਪੰਜਾਬ/2023/2023215321
ਮਿਤੀ:- **03 ਅਗਸਤ 2023**

**ਵਿਸ਼ਾ:-** **ਈ-ਪੰਜਾਬ ਸਕੂਲ ਪੋਰਟਲ ਤੇ ਵਿਦਿਆਰਥੀਆਂ ਨੂੰ ਵਿਸ਼ੇ ਅਲਾਟ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਲਿਖਿਆ ਜਾਂਦਾ ਹੈ ਕਿ ਸਿੱਖਿਆ ਵਿਭਾਗ ਦੇ ਈ-ਪੰਜਾਬ ਸਕੂਲ ਪੋਰਟਲ ਤੇ ਸਕੂਲਾਂ ਵੱਲੋਂ "**Allot Subject to Student**" ਮਡਿਊਲ ਅਧੀਨ ਵਿਦਿਆਰਥੀਆਂ ਨੂੰ ਪੜਾਏ ਜਾਂਦੇ ਵਿਸ਼ਿਆ ਦਾ ਡਾਟਾ ਅਪਡੇਟ ਕੀਤਾ ਜਾਂਦਾ ਹੈ। ਸਕੂਲਾਂ ਵੱਲੋਂ ਪੋਰਟਲ ਤੇ ਅਪਡੇਟ ਅੰਕੜਿਆ ਨੂੰ ਵਿਭਾਗ ਵੱਲੋਂ ਵੱਖ-ਵੱਖ ਕਾਰਜਾ ਲਈ ਵਰਤਿਆ ਜਾਂਦਾ ਹੈ ਜਿਵੇ ਕਿ ਪ੍ਰੀ-ਬੋਰਡ ਪ੍ਰੀਖਿਆਵਾਂ ਦੇ ਪੇਪਰਾਂ ਦੇ ਅੰਕਾਂ ਨੂੰ ਪੋਰਟਲ ਤੇ ਅਪਡੇਟ ਕਰਨਾ ਅਤੇ ਨਾਨ-ਬੋਰਡ ਜਮਾਤਾਂ ਦੇ ਸਲਾਨਾ ਪੇਪਰਾਂ ਦੇ ਜਰੂਰੀ ਵਿਸ਼ਿਆਂ ਦੇ ਅੰਕਾਂ ਨੂੰ ਅਪਡੇਟ ਕਰਨਾ ਆਦਿ।

ਪ੍ਰੰਤੂ ਪੋਰਟਲ ਤੋਂ ਪ੍ਰਾਪਤ ਅੰਕੜਿਆ ਨੂੰ ਘੋਖਣ ਤੇ ਦੇਖਣ ਵਿੱਚ ਆਇਆ ਹੈ ਕਿ ਸਕੂਲਾਂ ਵਲੋਂ ਅਪਡੇਟ ਅੰਕੜਿਆ ਵਿੱਚ ਬਹੁਤ ਸਾਰੀਆ ਤਰੁੱਟੀਆਂ ਹਨ। ਜਿਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਆਪ ਵੱਲੋਂ ਇਹ ਡਾਟਾ ਗੰਭੀਰਤਾ ਨਾਲ ਅਪਡੇਟ ਨਹੀ ਕੀਤਾ ਗਿਆ। ਜਿਸ ਕਰਕੇ ਵਿਭਾਗ ਨੂੰ ਬਹੁਤ ਸਾਰੀਆ ਔਂਕੜਾ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਪ ਨੂੰ ਪਹਿਲਾਂ ਵੀ ਇਸ ਦਫ਼ਤਰ ਵੱਲੋਂ ਜਾਰੀ ਪੱਤਰਾਂ ਰਾਹੀ ਅੰਕੜਿਆ ਵਿੱਚ ਸੋਧ ਕਰਨ ਲਈ ਲਿਖਿਆ ਗਿਆ ਸੀ। ਆਪ ਨੂੰ ਮੁੜ ਤੋਂ ਲਿਖਿਆ ਜਾਂਦਾ ਹੈ ਕਿ ਵਿਦਿਆਰਥੀਆਂ ਨੂੰ ਅਲਾਟ ਕੀਤੇ ਵਿਸ਼ਿਆ ਦਾ ਡਾਟਾ ਸਕੂਲ ਰਿਕਾਰਡ ਅਨੁਸਾਰ ਪੋਰਟਲ ਤੇਂ ਤੁਰੰਤ ਦਰੁਸਤ ਕੀਤਾ ਜਾਵੇ। ਜੇਕਰ ਗਲਤ ਵਿਸ਼ੇ ਅਲਾਟ ਕਰਨ ਕਰਕੇ ਵਿਭਾਗ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਬੰਧਤ ਸਕੂਲ ਮੁੱਖੀ ਦੀ ਹੋਵੇਗੀ।

03/08/23

**ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.),**
**ਬਠਿੰਡਾ।**

ਪਿੱਠ ਅੰਕਣ ਨੰ:- ਉਕਤ ਮਿਤੀ:-ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਐਸ.ਏ.ਐਸ. ਨਗਰ।
2. ਜੋਨਲ ਐਮ.ਆਈ.ਐਸ.ਕੋਆਰਡੀਨੇਟਰ, ਲੁਧਿਆਣਾ।
3. ਸਮੂਹ ਬੀ.ਐਨ.ਓਜ਼. ਬਠਿੰਡਾ।

ਸਹੀ

**ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ.),**
**ਬਠਿੰਡਾ।**